6

# ਫੜਵਾਇਆ ਜਾਣਾ

## ਮੱਤੀ 26:47-56; ਮਰਕੁਸ 14:43-52; ਲੂਕਾ 22:47-53; ਯੂਹੰਨਾ 18:2-12

*''ਉਹ ਅਜੇ ਬੋਲਦਾ ਹੀ ਸੀ ਕਿ ਵੇਖੋ ਯਹੂਦਾ ਜਿਹੜਾ ਉਨ੍ਹਾਂ ਬਾਰ੍ਹਾਂ ਵਿੱਚੋਂ ਇਕ ਸੀ, ਆ ਪਹੁੰਚਿਆ ਅਤੇ ਪ੍ਰਧਾਨ ਯਾਜਕਾਂ ਅਰ ਲੋਕਾਂ ਦੇ ਬਜ਼ੁਰਗਾਂ ਦੀ ਵੱਲੋਂ ਇਕ ਵੱਡੀ ਭੀੜ ਤਲਵਾਰਾਂ ਅਤੇ ਡਾਂਗਾਂ ਫੜ੍ਹੀ ਉਹਦੇ ਨਾਲ ਸੀ'' (ਮੱਤੀ 26:47)।*

ਯਹੂਦਾ ਨੂੰ ਪਤਾ ਸੀ ਕਿ ਯਿਸੂ ਕਿੱਥੇ ਹੋਵੇਗਾ। ਉਹਨੇ ਯਹੂਦੀ ਆਗੂਆਂ ਨੂੰ ਕਿਹਾ ਕਿ ਉਹ ਉਨ੍ਹਾਂ ਨੂੰ ਉਸ ਤਕ ਪਹੁੰਚਾਵੇਗਾ। ਉਹਨੂੰ ਪਤਾ ਸੀ ਕਿ ਯਿਸੂ ਦੁਆ ਕਰ ਰਿਹਾ ਹੋਵੇਗਾ, ਪਰ ਉਹ ਯਿਸੂ ਨੂੰ ਨਹੀ ਜਾਣਦਾ ਸੀ!

ਸਾਨੂੰ ਯਿਸੂ ਬਾਰੇ ਪਤਾ ਹੈ, ਪਰ ਕੀ ਅਸੀਂ ਉਸ ਨੂੰ ਸਚਮੁਚ ਜਾਣਦੇ ਹਾਂ? ਅਸੀਂ ਉਸ ਨੂੰ ਕਿਵੇਂ ਜਾਣ ਸਕਦੇ ਹਾਂ? ਭਲਾ ਸਾਡੇ ਸਭ ਦੇ ਅੰਦਰ ਯਹੂਦਾ ''ਲੁਕਿਆ'' ਹੋਇਆ ਹੈ? ਸਾਨੂੰ ਮੱਤੀ 26, ਮਰਕੁਸ 14, ਲੂਕਾ 22 ਅਤੇ ਯੂਹੰਨਾ 18 ਧਿਆਨ ਨਾਲ ਪੜ੍ਹਨ ਦੀ ਲੋੜ ਹੈ।

ਯਹੂਦਾ ਦੇ ਮਗਰ-ਮਗਰ ਆ ਰਹੀ ਭੀੜ ਪੁੱਜ ਗਈ। ਭੀੜ ਦੇ ਲੋਕ ਆਪਣਾ ਆਪਾ ਗੁਆ ਬੈਠੇ ਸਨ। ਨਫ਼ਰਤ ਸੋਚਣ ਦੀ ਸ਼ਕਤੀ ਖ਼ਤਮ ਕਰ ਦਿੰਦੀ ਹੈ। ਲੋਕਾਂ ਨੂੰ ਡਰ ਸੀ ਕਿ ਯਿਸੂ ਦੀ ਮੌਤ ਲਈ ਆਏ ਹਨ। ਉਹ ਇਸ ਤੋਂ ਮੁੱਕਰੇ ਜਾਂ ਸ਼ੱਕ ਕੀਤਾ ਕਿ ਯਿਸੂ ਨੇ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜਿਵਾਇਆ। ਅਸਲ 'ਚ ਉਨ੍ਹਾਂ ਨੇ ਲਾਜ਼ਰ ਨੂੰ ਮਾਰ ਦੇਣ ਦੀ ਵੀ ਸੋਚੀ ਸੀ (ਯੂਹੰਨਾ 12:10)। ਯਹੂਦਾ ਨੇ ਉਨ੍ਹਾਂ ਦਾ ਮਸਲਾ ਹੱਲ ਕਰ ਦਿੱਤਾ, ਉਹਨੇ ਉਨਾਂ ਨੂੰ ਯਿਸੂ ਨੂੰ ਉਦੋਂ ਲੱਭਣ ਦਾ ਮੌਕਾ ਮੁਹੱਈਆ ਕਰਵਾਇਆ ਜਦ ਉਹਦੇ ਆਲੇ-ਦੁਆਲੇ ਭੀੜ ਨਹੀਂ ਸੀ (ਮੱਤੀ 26:14-16; ਮਰਕੁਸ 14:10,11; ਲੂਕਾ 22:3-5)।

ਕਿੰਨੀ ਹੈਰਾਨੀ ਵਾਲੀ ਗੱਲ ਹੈ! ਸੈਂਕੜੇ ਲੋਕ ਹਥਿਆਰ ਲੈ ਕੇ ਇਕ ਨਿਹੱਥੇ ਨਬੀ ਨੂੰ ਫੜ੍ਹਨ ਲਈ ਆਏ ਸਨ। ''ਮੈ ਹੀ ਹਾਂ'' ਆਖਦਿਆਂ ਯਿਸੂ ਦੇ ਉੱਠਣ ਦੇ ਨਾਲ ਹੀ ਭੀੜ ਦੇ ਲੋਕ ਜ਼ਮੀਨ ਤੇ ਡਿੱਗ ਗਏ! (ਵੇਖੋ ਯੂਹੰਨਾ 18:3-6.)

ਯਹੂਦਾ ਨੇ ਇਨ੍ਹਾਂ ਲੋਕਾਂ ਨੂੰ ਯਿਸੂ ਤਕ ਪਹੁੰਚਾਇਆ ਸੀ, ਇਹਦੇ ਬਾਵਜੂਦ ਯਿਸੂ ਨੂੰ ਉਹਨੇ ਉਹਨੂੰ ''ਹੇ ਰੱਬੀ'' ਹੀ ਆਖਿਆ (ਮੱਤੀ 26:49)। ਯਿਸੂ ਨੇ ਉਹਨੂੰ ''ਬੇਲੀਆ'' ਹੀ ਕਿਹਾ (ਮੱਤੀ 26:50)। ਭਲਾ ਇਹ ਮਿਹਣਾ ਸੀ? ਲਗਦਾ ਨਹੀਂ! ਭਲਾ ਉਹਨੇ ਯਹੂਦਾ ਨੂੰ ਪਛਤਾਉਣ ਲਈ ਉਭਾਰਿਆ? ਹੋ ਸਕਦਾ ਹੈ।

ਹੜਬੜਾਏ ਹੋਏ ਪਤਰਸ ਨੇ ਤਾਕਤ ਦੀ ਵਰਤੋਂ ਕੀਤੀ। ਉਹਨੇ ਆਪਣੀ ਤਲਵਾਰ ਕੱਢ ਕੇ

ਮਲਖੁਸ ਦਾ ਕੰਨ ਲਾਹ ਦਿੱਤਾ! ਪਤਰਸ ਨੂੰ ਤਲਵਾਰ ਚਲਾਉਣੀ ਆਉਂਦੀ ਸੀ। ਉਹਨੂੰ ਪਤਾ ਸੀ ਕਿ ਤਲਵਾਰ ਕਿਵੇਂ ਚਲਾਈ ਜਾ ਸਕਦੀ ਹੈ (ਮਲਖੁਸ, ਦਾਸ ਸੀ ਨਾ ਕਿ ਅਫ਼ਸਰ)। ਉਹਦੇ ਕਹਿਣ ਤੋਂ ਭਾਵ ਸੀ ਕਿ ''ਤੁਸੀ ਸਾਨੂੰ ਮਾਰ ਤਾਂ ਸਕਦੇ ਹੋ, ਪਰ ਤੁਹਾਡੇ ਵਿੱਚੋਂ ਕਈਆਂ ਨੂੰ ਲੈ ਕੇ ਹੀ ਮਰਾਂਗੇ।'' ਯਿਸੂ ਨੇ ਪਤਰਸ ਨੂੰ ਆਪਣੀ ਤਲਵਾਰ ਮਿਆਨ 'ਚ ਰੱਖਣ ਨੂੰ ਆਖਿਆ ਅਤੇ ਬੜੇ ਅਰਾਮ ਨਾਲ ਮਲਖੁਸ ਦਾ ਕੰਨ ਜੋੜ ਦਿੱਤਾ (ਵੇਖੋ ਮੱਤੀ 26:51,52; ਮਰਕੁਸ 14:47; ਲੂਕਾ 22:50,51; ਯੂਹੰਨਾ18:10,11)।

ਸਾਡੇ ਲਈ ਆਪਣੇ ਆਪ ਨੂੰ ਪਾਪ ਤੋਂ ਬਚਾਉਣ ਲਈ ਯਹੂਦਾ ਦੀ ਹਾਲਤ ਤੇ ਵਿਚਾਰ ਕਰਨਾ ਜ਼ਰੂਰੀ ਹੈ (ਮੱਤੀ 27:3-10)। ਉਹਨੇ ਯਿਸੂ ਨੂੰ ਫੜਾਉਣ ਲਈ ਲਿਆ ਗਿਆ ਧਨ (ਚਾਂਦੀ ਦੇ ਤੀਹ ਸਿੱਕੇ) ਮੋੜ ਦਿੱਤੇ ਕਿਉਂਕਿ ਹੁਣ ਉਹ ਉਹਦੇ ਕਿਸੇ ਕੰਮ ਦੇ ਨਹੀਂ ਸਨ। ਫੜਾਉਣ ਵਾਲਾ ਪਛਤਾਇਆ ਤਾਂ ਜ਼ਰੂਰ ਸੀ, ਜੋ ਘਮੰਡ ਕਾਰਣ ਹੁੰਦਾ ਹੈ। ਪਰ ਉਹਨੇ ਤੌਬਾ ਨਹੀਂ ਕੀਤੀ ਜੋ ਹਲੀਮੀ ਤੋਂ ਹੁੰਦੀ ਹੈ। ਜਿਸ ਕਰਕੇ ਉਹਨੇ ਖ਼ੁਦਕੁਸ਼ੀ ਕਰ ਲਈ।

ਯਹੂਦਾ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ। ਪਰ ਉਹ ਆਪਣੇ ਮੁਕਤੀਦਾਤੇ ਨੂੰ ਵੇਖ ਨਹੀਂ ਸਕਿਆ। ਉਹਨੇ ਜਾ ਕੇ ਫਾਹਾ ਲੈ ਲਿਆ। ਕਿਸੇ ਨੇ ਉਹਨੂੰ ਲਾਹਿਆ ਨਹੀਂ (ਰਸੂਲਾਂ ਦੇ ਕੰਮ 1:15-19)। ਪਾਪ ਦੇ ਨਤੀਜੇ ਖ਼ਤਰਨਾਕ ਹੁੰਦੇ ਹਨ। ਗੱਦਾਰ ''ਆਪਣੀ ਨਿੱਜ ਥਾਂ ਨੂੰ'' (ਰਸੂਲਾਂ ਦੇ ਕੰਮ 1:25) ਚਲਾ ਗਿਆ ਅਤੇ ਮੁੜ ਲਿਖਤ ਵਿਚ ਮੁੜ ਉਹਦਾ ਨਾਂਅ ਨਹੀਂ ਆਇਆ। ਯਿਸੂ ਨੇ ਕਿਹਾ ਕਿ ਚੰਗਾ ਹੁੰਦਾ ਜੇ ਉਹ ਪੈਦਾ ਹੀ ਨਾ ਹੁੰਦਾ (ਮੱਤੀ 26:24; ਮਰਕੁਸ 14:21)!

*ਸਲੀਬ ...*
*ਹੋਰ ਰਾਹ ਹੀ ਨਹੀਂ!*